
ਰੂਹੀ ਪੀੜਾ
ਭਾਗ ਦੂਜਾ
ਪ੍ਰੀਤ ਸਿੰਘ ਭੈਣੀ
www.punjabilibrary.com

# ਰੂਹੀ ਪੀੜਾ(ਭਾਗ ਦੂਜਾ)

ਚੀਖਾਂ ਦੀ ਅਵਾਜ਼ ਨਾਲ ਪੂਰਾ ਕਮਰਾ ਭਰ ਗਿਆ। ਕੋਠੇ ਦੀਆਂ ਸਾਰੀਆਂ ਔਰਤਾਂ ਕਮਰੇ ਦੇ ਬਾਹਰ ਇਨ੍ਹਾਂ ਚੀਖਾਂ ਨੂੰ ਸੁਣ ਰਹੀਆਂ ਸਨ। ਐਨੀਆਂ ਚੀਖਾਂ ਜੋ ਕਿਸੇ ਆਦਮੀ ਜਾਂ ਔਰਤ ਦਾ ਆਖਰੀ ਵੇਲਾ ਹੋਣ ਤੇ ਹੀ ਨਿਕਲ ਸਕਦੀਆਂ ਨੇ ਜਾਂ ਹੱਦ ਤੋਂ ਪਰੇ ਦਰਦ ਹੋਣ ਤੇ। ਜਿਸ ਨੂੰ ਵਿਰਲੇ ਹੀ ਅਨੁਭਵ ਕਰ ਪਾਉਂਦੇ ਨੇ। ਪਰ ਇਸ ਪੀੜ ਨੂੰ ਸਹਾਰਨਾ ਇੱਕ ਔਰਤ ਲਈ ਸਭ ਤੋਂ ਮਜ਼ਬੂਤ ਜਿਗਰ ਵਾਲੀ ਹੋਣਾ ਸਾਬਿਤ ਕਰਦੇ ਨੇ। ਕਮਰੇ ਦੇ ਬਾਹਰ ਮੇਲਾ ਲੱਗਾ ਹੋਇਆ ਸੀ। ਅਚਾਨਕ ਹੀ ਚੀਖਾਂ ਦੀ ਆਵਾਜ਼ ਬੰਦ ਹੋ ਗਈ ਤੇ ਇਕ ਬੱਚੇ ਦੇ ਰੋਣ ਦੀ ਆਵਾਜ਼ ਆਉਣ ਲੱਗੀ। ਕਮਰੇ ਦੇ ਅੰਦਰ ਇੱਕ ਔਰਤ ਜੋ ਕਿ ਗਰਬਵਤੀ ਸੀ ਉਸ ਨੇ ਇੱਕ ਬੱਚੇ ਨੂੰ ਜਨਮ ਦਿੱਤਾ। ਏਦਾ ਪਹਿਲੀ ਵਾਰ ਹੋਇਆ ਸੀ ਕਿ ਇਸ ਕੋਠੇ ਵਿੱਚ ਕਿਸੇ ਬੱਚੇ ਦਾ ਜਨਮ ਹੋਇਆ ਹੋਵੇ। ਕਮਰੇ ਵਿੱਚ ਚਾਰ-ਪੰਜ ਔਰਤਾਂ ਹੀ ਸਨ ਬਾਕੀ ਸਭ ਬਾਹਰ ਝਾਤ ਲਾਈ ਬੈਠੀਆਂ ਸਨ। ਜਿਨ੍ਹਾਂ ਵਿੱਚੋਂ ਇੱਕ ਕੋਠੇ ਦੀ ਮਾਲਕਣ ਜਾਨਕਾ ਬਾਈ ਸੀ। ਜਿਸ ਔਰਤ ਨੇ ਬੱਚੇ ਨੂੰ ਜਨਮ ਦਿੱਤਾ, ਉਹ ਬੱਚੇ ਨੂੰ ਜਨਮ ਦਿੰਦੇ ਸਾਰ ਹੀ ਬੇਹੋਸ਼ ਹੋ ਗਈ। ਜਾਨਕਾ ਬਾਈ ਨੇ ਬੱਚੇ ਨੂੰ ਇੱਕ ਕੱਪੜੇ ਵਿੱਚ ਲਪੇਟਿਆ ਤੇ ਇੱਕ ਔਰਤ ਨੂੰ ਫੜਾ, ਕੋਠੇ ਚੋਂ ਜਾਣ ਲਈ ਕਿਹਾ। ਉਸ ਔਰਤ ਨੇ ਜਲਦੀ ਨਾਲ ਬੱਚਾ ਲਿਆ ਤੇ ਕੋਠੇ ਵਿੱਚੋਂ ਨਿਕਲ ਗਈ। ਸਭ ਔਰਤਾਂ ਨੂੰ ਕੁਝ ਸਮਝ ਨਾ ਆਇਆ ਕੇ ਇਹ ਕੀ ਹੋਇਆ। ਕੁਝ ਸਮੇਂ ਬਾਅਦ ਉਸ ਔਰਤ ਨੂੰ ਹੋਸ਼ ਆਇਆ ਜਿਸ ਨੇ ਬੱਚੇ ਨੂੰ ਜਨਮ ਦਿੱਤਾ ਸੀ। ਜਿਸ ਨੂੰ ਨੇਹਾ ਦੇ ਨਾਮ ਵਜੋਂ ਜਾਣਿਆਂ ਜਾਂਦਾ ਸੀ। ਉਹ ਉੱਠਦੇ ਸਾਰ ਹੀ ਆਪਣੇ ਬੱਚੇ ਨੂੰ ਆਸ-ਪਾਸ ਦੇਖਣ ਲੱਗ ਪਈ। ਪਰ ਬੱਚਾ ਕਿਤੇ ਨਜ਼ਰ ਨਾ ਆਇਆ। ਕਮਰੇ ਵਿੱਚ ਉਸ ਤੋਂ ਸਿਵਾਏ ਕੋਈ ਨਹੀਂ ਸੀ। ਉਸ ਨੇ ਰੋਲਾ ਪਾਉਣਾ ਸੁਰੂ ਕਰ ਦਿੱਤਾ।

ਨੇਹਾ - ਮੇਰਾ ਬੱਚਾ ਕਿੱਥੇ ਆ?

ਕਿੱਥੇ ਆ ਮੇਰਾ ਬੱਚਾ?

ਨੇਹਾ ਦੀਆਂ ਆਵਾਜ਼ਾ ਸੁਣ ਕੇ ਜਾਨਕਾ ਬਾਈ ਸਮੇਤ ਦੋ ਔਰਤਾਂ ਕਮਰੇ ਵਿੱਚ ਆਈਆਂ। ਨੇਹਾ ਨੇ ਅਜੇ ਹੁਣੇ-ਹੁਣੇ ਇੱਕ ਬੱਚੇ ਨੂੰ ਜਨਮ ਦਿੱਤਾ ਸੀ। ਜਿਸ ਕਾਰਨ ਉਹ ਕਾਫੀ ਗੰਭੀਰ ਅਵਸਥਾ ਵਿੱਚ ਸੀ। ਉਸਦੇ ਅੱਥਰੂਆਂ ਦਾ ਕੋਈ ਅਨੁਮਾਨ ਨਹੀਂ ਲਗਾਇਆ ਜਾ ਸਕਦਾ। ਇੱਕ ਦਰਦ ਤੇ ਦੂਸਰਾ ਦੁੱਖ। ਜਾਨਕਾ ਬਾਈ ਦੇ ਆਉਂਦੇ ਸਾਰ ਫਿਰ ਤੋਂ ਨੇਹਾ ਨੇ ਉੱਚੀ ਉੱਚੀ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ।

ਨੇਹਾ - ਮੇਰਾ ਬੱਚਾ ਕਿੱਥੇ ਆ?

ਕਿੱਥੇ ਆ ਮੇਰਾ ਬੱਚਾ?

ਜਾਨਕਾ ਬਾਈ- ਹੈਨੀ ਕੋਈ ਤੇਰਾ ਬੱਚਾ। ਤੂੰ ਇੱਕ ਮਰਿਆ ਬੱਚਾ ਜੰਮਿਆ ਸੀ।

ਨੇਹਾ ਨੇ ਹੋਰ ਉੱਚੀ-ਉੱਚੀ ਚੀਖਾਂ ਮਾਰਨੀਆਂ ਸੁਰੂ ਕਰ ਦਿੱਤੀਆਂ। ਤੇ ਜਾਨਕਾ ਬਾਈ ਅੱਗੇ ਬਾਹਾਂ ਅੱਡ ਭੀਖ ਮੰਗਣ ਲੱਗ ਪਈ।

ਨੇਹਾ - ਮੇਰਾ ਬੱਚਾ ਮੈਨੂੰ ਵਾਪਿਸ ਕਰ ਦਿਉ। ਮੈਂ ਹੋਰ ਕੁਝ ਨੀ ਮੰਗਦੀ। ਹੱਥ ਜੋੜਦੀ ਆ ਤੁਹਾਡੇ ਅੱਗੇ। ਦੇਦੋ ਮੇਰਾ ਬੱਚਾ ਮੈਨੂੰ ਵਾਪਸ।

ਜਾਨਕਾ ਬਾਈ - ਤੈਨੂੰ ਕਿਹਾ ਨਾ ਮਰ ਗਿਆ ਤੇਰਾ ਬੱਚਾ। ਦਫ਼ਨ ਕਰ ਦਿੱਤਾ ਮਿੱਟੀ ਵਿੱਚ ਅਸੀਂ ਉਸ ਨੂੰ। ਪੈਜਾ ਚੁੱਪ ਕਰਕੇ।

ਪਾਉ ਨੀ ਇਸ ਨੂੰ ਮੰਜੇ ਤੇ, ਤੇ ਕੁਝ ਖਾਣ ਨੂੰ ਲਿਆ ਕੇ ਦਿਉ। ਬੱਚਾ ਚਾਹੀਦਾ ਇਸਨੂੰ ਜਿਹੜਾ।

ਦੋਨਾਂ ਔਰਤਾ ਨੇ ਨੇਹਾ ਨੂੰ ਬਾਹਾਂ ਤੋਂ ਫੜਿਆ ਤੇ ਜਬਰੀ ਮੰਜੇ ਤੇ ਬਿਠਾ ਜਾਨਕਾ ਬਾਈ ਸਮੇਤ ਕਮਰੇ ਤੋਂ ਬਾਹਰ ਚਲੀਆਂ ਗਈਆਂ ਤੇ ਕਮਰੇ ਨੂੰ ਬਾਹਰੋ ਬੰਦ ਕਰ ਦਿੱਤਾ। ਨੇਹਾ ਪਹਿਲਾਂ ਵਾਂਗ ਕਮਰੇ ਵਿੱਚ ਰੋਂਦੀ ਰਹੀ। ਚੀਖਾਂ ਮਾਰਦੀ ਰਹੀ ਪਰ ਕਿਸੇ ਨਾ ਸੁਣੀ।

**ਧੀ, ਪਤਨੀ, ਰੰਡੀ ਤੇ ਫਿਰ ਮਾਂ,**

**ਵੰਨ ਸਵੰਨੇ ਰੂਪਾਂ ਦੀ ਮੈਂ ਮਹਿਮਾਂ।**

**ਇੱਕ ਠੋਕਰ ਤੇ ਫਿਰ ਦੂਜੀ,**

**ਫਿਰ ਮਸਲਾ ਹੋਇਆ ਗੰਭੀਰ,**

**ਮੁੱਲ ਜਵਾਨੀ ਕਿਸੇ ਪਾ ਲਿਆ,**

**ਮੈਂ ਅੰਦਰੋਂ ਲੀਰੋ ਲੀਰ,**

**ਵੇਚ ਵੱਟ ਜਾ ਕੋਠੇ ਬਾਲੀ,**

**ਬਿਨ ਇਸ਼ਕ ਮੁਰਝਾ ਗਈ ਹੀਰ,**

**ਰਾਕਸ਼ਾ ਹੱਥੇ ਚੜ ਗਈ ਜੱਦ ਮੈਂ,**

**ਕੀ ਕਰੂਗਾ ਮੇਰਾ ਪੀਰ,**

**ਹੋਰਾਂ ਲਈ ਗਲੀਆਂ ਦਾ ਕੂੜਾ,**

**ਵਹਿਸ਼ੀਆਂ ਲਈ ਮੈਂ ਠੰਡੀ ਛਾਂ,**

**ਧੀ, ਪਤਨੀ, ਰੰਡੀ ਤੇ ਫਿਰ ਮਾਂ,**

**ਵੰਨ ਸਵੰਨੇ ਰੂਪਾਂ ਦੀ ਮੈਂ ਮਹਿਮਾਂ।**

**ਦੋ ਰੁਪਈਏ ਚਾਰ ਰੁਪਈਏ,**

**ਮੇਰਾ ਮੁੱਲ ਜੱਦ ਪੈਂਦਾ,**

**ਨੋਚ ਖਾਂਦੇ ਨੇ ਚੰਦਰੇ,**

**ਫਿਰ ਪੱਲੇ ਕੀ ਰਹਿੰਦਾ,**

**ਹਾਰ ਸ਼ਿੰਗਾਰ ਹੀ ਕਰਨਾ,**

**ਬਸ ਹੁਣ ਮੇਰਾ ਧੰਦਾ,**

**ਇੱਕ ਜਾਵੇ ਫਿਰ ਦੂਜਾ ਆਵੇ,,**

**ਮਗ਼ਰੇ ਹੋਰ ਉਡੀਕੇ ਬੰਦਾ,**

**ਓਥੋਂ ਨਿਕਲੇ ਓਸੇ ਲਈ ਮਰਦੇ,**

**ਕੋਈ ਹੋਰ ਨਾ ਦੂਜੀ ਥਾਂ,**

**ਧੀ, ਪਤਨੀ, ਰੰਡੀ ਤੇ ਫਿਰ ਮਾਂ,**

**ਵੰਨ ਸਵੰਨੇ ਰੂਪਾਂ ਦੀ ਮੈਂ ਮਹਿਮਾਂ।**

**ਸੋਚਾਂ ਕੋਠਾ ਕੋਠਾ ਏ,**

**ਕੋਈ ਫ਼ਰਕ ਨੀ ਬਾਲ੍ਹਾ ਛੱਤਾਂ ਦਾ,**

**ਓਥੇ ਵੱਸਦਾ ਮੇਰਾ ਟੱਬਰ,**

**ਇੱਥੇ ਟੱਬਰ ਲੱਖਾਂ ਦਾ,**

**ਇੱਥੇ ਜ਼ੇਲ੍ਹ ਉਮਰਾਂ ਦੀ ਭਾਰੀ,**

**ਭੁੱਸ ਪੈ ਜੇ ਮਰਦਾਨੇ ਹੱਥਾਂ ਦਾ,**

**ਓਥੇ ਮੈਂ ਆਜ਼ਾਦ ਪਰਿੰਦਾ,**

**ਤਾਰਾ ਚਮਕਦੀਆ ਮਾਂ ਦੇ ਅੱਖਾਂ ਦਾ,**

**ਪ੍ਰੀਤ ਇੱਕ ਵਾਰ ਜੇ ਫਸ ਗਿਆ ਚੁੰਗਲ,**

**ਬਾਹਰ ਨਿਕਲਣ ਦਾ ਨਾ ਕੋਈ ਰਾਹ,**

**ਧੀ, ਪਤਨੀ, ਰੰਡੀ ਤੇ ਫਿਰ ਮਾਂ,**

**ਵੰਨ ਸਵੰਨੇ ਰੂਪਾਂ ਦੀ ਮੈਂ ਮਹਿਮਾਂ।**

**(ਪ੍ਰੀਤ ਸਿੰਘ ਭੈਣੀ)**

ਐਦਾ ਹੀ ਕਈ ਦਿਨ ਬੀਤ ਗਏ। ਉਸ ਨੂੰ ਖਾਣ ਪੀਣ ਨੂੰ ਦਿੱਤਾ ਜਾਂਦਾ ਪਰ ਕਮਰੇ ਵਿੱਚੋਂ ਕਦੇ ਬਾਹਰ ਨਾ ਜਾਣ ਦਿੰਦੇ। ਉਸ ਲਈ ਇੱਕ ਕਮਰਾ ਹੀ ਘਰ ਜਾਂ ਫਿਰ ਜੇਲ੍ਹ ਸੀ। ਉਸ ਨੂੰ ਇਹ ਵੀ ਨਹੀਂ ਸੀ ਪਤਾ ਕਿ ਉਸਨੇ ਇੱਕ ਬੇਟੇ ਜਾਂ ਬੇਟੀ ਨੂੰ ਜਨਮ ਦਿੱਤਾ। ਕੀ ਅਸਲ ਵਿੱਚ ਬੱਚਾ ਜਿਉਂਦਾ ਹੈ ਜਾਂ ਨਹੀਂ? ਉਸ ਨੂੰ ਜਾਨਕਾ ਬਾਈ ਤੇ ਕੋਠੇ ਦੀ ਕਿਸੇ ਹੋਰ ਔਰਤ ਤੇ ਬਿਲਕੁਲ ਯਕੀਨ ਨਹੀਂ ਸੀ।

ਸਮਾਂ ਗੁਜਰਦਾ ਗਿਆ ਤੇ ਹੁਣ ਕਰੀਬ ਤਿੰਨ-ਚਾਰ ਮਹੀਨੇ ਲੰਘ ਚੁਕੇ ਸਨ। ਪਰ ਨੇਹਾ ਦੇ ਹਾਲਾਤਾਂ ਵਿੱਚ ਕੋਈ ਸੁਧਾਰ ਨਹੀਂ ਸੀ। ਸਗੋਂ ਉਸ ਨੇ ਆਪਣੇ ਆਪ ਨੂੰ ਹੋਰ ਲਾਸ਼ ਬਣਾ ਲਿਆ ਸੀ। ਉਹ ਸਾਰਾ ਸਾਰ ਦਿਨ ਰੋਂਦੀ ਰਹਿੰਦੀ ਤੇ ਆਪਣੀ ਕਿਸਮਤ ਨੂੰ ਕੋਸਦੀ।

ਕਰੀਬ ਇੱਕ-ਦੋ ਦਿਨ ਬਾਅਦ ਦੋ ਮੁੰਡੇ ਜਾਨਕਾ ਬਾਈ ਦੇ ਕੋਠੇ ਵਿੱਚ ਆਏ। ਇੱਕ ਦਾ ਨਾ ਸਮੀਰ ਤੇ ਦੂਸਰਾ ਅਮਨ। ਜਵਾਨੀ ਦੀ ਵੱਧਦੀ ਭੁੱਖ ਮਟਾਉਣ ਲਈ ਉਹ ਕੋਠੇ ਵਿੱਚ ਆ ਗਏ। ਅਮਨ ਅਕਸਰ ਆਉਂਦਾ ਰਹਿੰਦਾ ਸੀ ਪਰ ਸਮੀਰ ਪਹਿਲੀ ਵਾਰ ਆਇਆ ਸੀ। ਉਸ ਦੇ ਕੋਲ ਤਾਂ ਇੱਕ ਔਰਤ ਦੀ ਜਵਾਨੀ ਖਰੀਦਣ ਲਈ ਪੈਸੇ ਵੀ ਘੱਟ ਸਨ ਪਰ ਜਵਾਨੀ ਦੀ ਵੱਧਦੀ ਅੱਗ ਨੂੰ ਕਾਬੂ ਕਰਨ ਲਈ ਉਸਦਾ ਦੋਸਤ ਉਸ ਨੂੰ ਕੋਠੇ ਤੇ ਲੈ ਆਇਆ। ਅਮਨ ਨੇ ਕੁਝ ਪੈਸੇ ਜਾਨਕਾ ਬਾਈ ਨੂੰ ਫੜਾਏ। ਜਾਨਕਾ ਬਾਈ ਨੇ ਪੈਸੇ ਗਿਣੇ ਤੇ ਕਿਹਾ-

ਜਾਨਕਾ ਬਾਈ - ਆਹ ਕੀ ਆ? ਸਬਜ਼ੀ ਮੰਡੀ ਆਇਆ ਏ? ਆਲੂ ਖ਼ਰੀਦਣ।

ਅਮਨ - ਜਾਨਕਾ ਬਾਈ ਇਹ ਪਹਿਲੀ ਵਾਰ ਆਇਆ ਏ ਤੇ ਏਥੇ ਆਉਣਾ ਵੀ ਕੁਝ ਦੇਰ ਪਹਿਲਾਂ ਤਹਿ ਕੀਤਾਂ। ਇਸ ਲਈ ਪੈਸੇ ਥੋੜੇ ਪੈ ਗਏ।

ਜਾਨਕਾ ਬਾਈ - ਪਹਿਲੀ ਵਾਰ ਆਇਆ ਤਾਂ ਇਹਨੂੰ ਮੁਫ਼ਤ ਨਾ ਐਸ਼ ਕਰਾ ਦਿਆਂ।

ਅਮਨ - ਜਾਨਕਾ ਬਾਈ ਬੇਨਤੀ ਆ। ਅੱਗੇ ਤੋਂ ਪੂਰੇ ਪੈਸੇ ਲੈ ਕੇ ਆਊਗਾ। ਨਾਲੇ ਤੁਹਾਡਾ ਪੱਕਾ ਗਾਹਕ ਬਣ ਜਾਊ।

ਜਾਨਕਾ ਬਾਈ ਸੋਚ ਵਿਚਾਰ ਕਰਨ ਪਿੱਛੋਂ ਬੋਲੀ..

ਜਾਨਕਾ ਬਾਈ - ਚੱਲ ਠੀਕ ਆ। ਪਰ ਅਗਲੀ ਵਾਰ ਇਸ ਵਾਰ ਦਾ ਵੀ ਪੂਰਾ ਭੁਗਤਾਨ ਕਰਨਾ ਪਊ।

ਅਮਨ - ਹਾਂਜੀ ਠਿਕ ਆ ਜੀ।

ਜਾਨਕਾ ਬਾਈ ਨੇ ਇੱਕ ਔਰਤ ਨੂੰ ਆਵਾਜ਼ ਲਾਈ ਤੇ ਕਿਹਾ..

ਜਾਨਕਾ ਬਾਈ - ਨੀ ਸ਼ਰਮੀਲੀ ਏਧਰ ਆ। ਜਾ, ਜਾ ਕੇ ਨੇਹਾ ਨੂੰ ਤਿਆਰ ਹੋਣ ਲਈ ਕਹਿ।

ਸ਼ਰਮੀਲੀ - ਪਰ ਉਹ ਤਾਂ ਰਾਤ ਦਿਨ ਰੋਂਦੀ ਰਹਿੰਦੀ ਆ।

ਜਾਨਕਾ ਬਾਈ - ਤੇ ਹੁਣ ਮੈਂ ਘਾਟਾ ਥੋੜਾ ਖਾਣਾ। ਉਸਨੂੰ ਰੋਂਦੀ ਵੇਖ। ਨਹੀਂ ਤਿਆਰ ਹੁੰਦੀ ਤਾਂ ਜਬਰਦਸਤੀ ਤਿਆਰ ਕਰ। ਐਨੇ ਚਿਰ ਸ਼ੋਕ ਨਹੀਂ ਚੱਲਣੇ ਇੱਥੇ। ਪਹਿਲਾਂ ਹੀ ਬਾਲਾ ਸਮਾਂ ਲੰਘਾ ਲਿਆ। ਜਾ - ਜਾ ਕੇ ਤਿਆਰ ਕਰ ਉਹਨੂੰ। ਅੱਜ ਨਵਾਂ ਗਾਹਕ ਆਇਆ ਏ।

ਸ਼ਰਮੀਲੀ ਨੇਹਾ ਦੇ ਕਮਰੇ ਵੱਲ ਗਈ। ਬਾਹਰੋਂ ਬੰਦ ਦਰਵਾਜ਼ਾ ਖੋਲਿਆ ਤੇ ਨੇਹਾ ਦੇ ਕੋਲ ਪਹੁੰਚੀ। ਨੇਹਾ ਆਪਣੇ ਵਾਲ ਖਿਲਾਰੇ ਕੰਧ ਨਾਲ ਲੱਗ ਕੇ ਬੈਠੀ ਹੋਈ ਸੀ। ਸ਼ਰਮੀਲੀ ਨੇ ਨੇਹਾ ਨੂੰ ਤਿਆਰ ਹੋਣ ਲਈ ਕਿਹਾ ਪਰ ਨੇਹਾ ਖਾਮੋਸ਼ ਬੈਠੀ ਰਹੀ। ਸ਼ਰਮੀਲੀ ਨੇ ਦੋ ਤਿੰਨ ਵਾਰ ਕਿਹਾ ਪਰ ਉਸ ਨੇ ਕੋਈ ਹੁੰਗਾਰਾ ਨਾ ਭਰਿਆ। ਨੇਹਾ ਨੂੰ ਤਿਆਰ ਹੋਣ ਤੋਂ ਕਹਿਣ ਬਾਅਦ ਸ਼ਰਮੀਲੀ ਕਮਰੇ ਚੋ' ਬਾਹਰ ਚਲੀ ਗਈ ਤੇ ਬਾਹਰੋਂ ਕੁੰਡੀ ਲਾ ਜਾਨਕਾ ਬਾਈ ਕੋਲ ਆ ਗਈ।

ਜਾਨਕਾ ਬਾਈ - ਹੋਗੀ ਤਿਆਰ?

ਸ਼ਰਮੀਲੀ - ਹਾਂਜੀ ਹੋ ਰਹੀ ਆ।

ਜਾਨਕਾ ਬਾਈ - ਜਾ ਇਸ ਨਵੇਂ ਮੁੰਡੇ ਨੂੰ ਲੈ ਜਾ ਤੇ ਉਸਦਾ ਕਮਰਾ ਦਿਖਾ ਦੇ।

ਸ਼ਰਮੀਲੀ - ਹਾਂਜੀ ਠੀਕ ਆ।

ਸ਼ਰਮੀਲੀ ਸਮੀਰ ਨੂੰ ਨਾਲ ਲੈ ਨੇਹਾ ਦੇ ਕਮਰੇ ਵੱਲ ਚੱਲ ਪਈ।

ਸ਼ਰਮੀਲੀ ਨੇ ਸਮੀਰ ਨੂੰ ਕਮਰਾ ਦਿਖਾਇਆ ਤੇ ਅੰਦਰ ਜਾ ਕੇ ਅੰਦਰੋਂ ਕੁੰਡੀ ਲਾਉਣ ਲਈ ਕਿਹਾ। ਸਮੀਰ ਨੇ ਕਮਰਾ ਬਾਹਰੋਂ ਖੋਲਿਆ ਤੇ ਅੰਦਰ ਵੜ ਕੇ ਬੂਹੇ ਨੂੰ ਕੁੰਡੀ ਲਾ ਲਈ। ਮੁੜ ਦੇਖਿਆ ਤਾਂ ਨੇਹਾ ਅਜੇ ਵੀ ਪਹਿਲਾਂ ਵਾਂਗ ਕੰਧ ਨਾਲ ਲੱਗ ਕੇ ਬੈਠੀ ਹੋਈ ਸੀ। ਉਸਦੇ ਵਾਲ ਖਿੱਲਰੇ ਹੋਏ ਸੀ। ਤਿਆਰੀ ਵਾਲਾ ਪੱਖ ਕਿਸੇ ਪਾਸੇ ਤੋਂ ਨਜ਼ਰ ਨਹੀਂ ਸੀ ਆ ਰਿਹਾ। ਸਮੀਰ ਹੈਰਾਨ ਸੀ ਕਿ ਅਜਿਹਾ ਕਿਉਂ? ਕਿਉਂਕਿ ਉਸਦੇ ਹਿਸਾਬ ਨਾਲ ਇੱਕ ਕੋਠੇ ਵਿੱਚ ਅਜਿਹਾ ਹੋਣਾ ਉਸ ਦੀ ਸਮਝ ਤੋਂ ਪਰੇ ਸੀ। ਸਮੀਰ ਉਸ ਵੱਲ ਤੱਕਦਾ ਹੋਇਆ ਪਲੰਘ ਤੇ ਜਾ ਬੈਠ ਗਿਆ। ਉਸ ਨੂੰ ਇਨ੍ਹਾਂ ਚੀਜਾਂ ਬਾਰੇ ਬਹੁਤਾ ਅਨੁਭਵ ਨਹੀਂ ਸੀ। ਇਸ ਲਈ ਉਹ ਚੁੱਪ ਕਰ ਬੈਠ ਗਿਆ। ਉਸਨੇ ਸੋਚਿਆ ਕਿ ਇਸ ਔਰਤ ਦਾ ਨਿੱਤ ਦਾ ਕੰਮ ਇਹੀ ਹੈ ਤੇ ਉਹ ਉਸ ਨਾਲੋਂ ਬਹਿਤਰ ਜਾਣਦੀ ਹੈ ਕਿ ਮੈਂ ਇੱਥੇ ਕਿਉਂ ਆਇਆ ਹਾਂ। ਇਸ ਲਈ ਉਸ ਨੂੰ ਇੰਤਜਾਰ ਕਰਨਾ ਚਾਹੀਦਾ ਹੈ।

ਉਹ ਕਰੀਬ ਪੰਦਰਾਂ-ਵੀਹ ਮਿੰਟ ਚੁੱਪ ਬੈਠਾ ਰਿਹਾ ਤੇ ਨੇਹਾ ਵੀ ਖਾਮੋਸ਼ ਚੁੱਪੀ ਸਾਧੀ ਬੈਠੀ ਰਹੀ। ਸਮੀਰ ਨੂੰ ਸਮਝ ਨਹੀਂ ਸੀ ਆ ਰਿਹਾ ਕਿ ਉਹ ਕੀ ਕਰੇ। ਉਸ ਨੇ ਸੋਚਿਆ ਕਿ ਕਿਉਂ ਨਾ ਇਸ ਔਰਤ ਦੇ ਕੋਲ ਜਾ ਕੇ ਪੁੱਛਿਆ ਜਾਵੇ ਕਿ ਗੱਲ ਕੀ ਹੈ? ਕੀ ਉਸਦਾ ਮਨ ਨਹੀਂ ਹੈ? ਤਾਂ ਉਹ ਕਿਸੇ ਹੋਰ ਔਰਤ ਲਈ ਜਾਨਕਾ ਬਾਈ ਨਾਲ ਗੱਲ ਕਰੇ। ਉਹ ਪਲੰਘ ਤੋਂ ਉੱਠਿਆ ਤੇ ਹੋਲੀ-ਹੋਲੀ ਨੇਹਾ ਦੇ ਕੋਲ ਪਹੁੰਚਿਆ। ਉਸਨੇ ਆਵਾਜ਼ ਲਾਈ..

ਸਮੀਰ - ਸੁਣਿਓ.. ਸੁਣਿਓ ਜੀ।

ਪਰ ਨੇਹਾ ਨੇ ਕੋਈ ਹੁੰਗਾਰਾ ਨਾ ਭਰਿਆ। ਸਮੀਰ ਨੂੰ ਯਾਦ ਆਇਆ ਕਿ ਇਸਦਾ ਨਾਮ ਨੇਹਾ ਹੈ ਜੋ ਕਿ ਜਾਨਕਾ ਬਾਈ ਲੈ ਰਹੀ ਸੀ।

ਸਮੀਰ ਨੇ ਨੇਹਾ ਦੇ ਮੋਢੇ ਉਪਰ ਹੱਥ ਰੱਖਿਆ ਤੇ ਹੋਲੀ ਜਿਹੀ ਆਵਾਜ਼ ਮਾਰੀ।

ਸਮੀਰ - ਸੁਣਿਓ ਨੇਹਾ ਜੀ।

ਸਮੀਰ ਉਸਦੇ ਅੱਗੇ ਵੱਲ ਹੋਇਆ ਤਾਂ ਨੇਹਾ ਨੇ ਸਮੀਰ ਵੱਲ ਤੱਕਿਆ। ਨੇਹਾ ਦੀਆਂ ਅੱਖਾਂ ਅੱਥਰੂਆਂ ਨਾਲ ਭਰੀਆਂ ਪਈਆਂ ਸਨ। ਸਮੀਰ ਨੇਹਾ ਦੀਆਂ ਅੱਥਰੂ ਭਰੀਆਂ ਅੱਖਾਂ ਦੇਖ ਨਾਮੋਸ਼ ਹੋ ਗਿਆ। ਉਸ ਨੇ ਨੇਹਾ ਨੂੰ ਪੁੱਛਿਆ..

ਸਮੀਰ - ਕੀ ਗੱਲ ਹੈ? ਤੁਸੀਂ ਰੋ ਕਿਉਂ ਰਹੇ ਹੋ?

ਸਮੀਰ ਦੇ ਪੁੱਛਣ ਤੇ ਨੇਹਾ ਦੀਆਂ ਅੱਖਾਂ ਵਿੱਚਲੇ ਅੱਥਰੂ ਹੋਰ ਤੇਜ ਵਹਿਣ ਲੱਗ ਪਏ ਪਰ ਉਹ ਖਾਮੋਸ਼ ਸੀ। ਨੇਹਾ ਦਾ ਵਰਤਾਵ ਦੇਖ ਸਮੀਰ ਨੇ ਫਿਰ ਤੋਂ ਨੇਹਾ ਨੂੰ ਪੁੱਛਿਆ..

ਸਮੀਰ - ਤੁਸੀਂ ਰੋ ਕਿਉ ਰਹੇ ਹੋ? ਕੋਈ ਪਰੇਸ਼ਾਨੀ ਹੈ? ਤੁਸੀਂ ਮੈਨੂੰ ਦੱਸ ਸਕਦੇ ਹੋ। ਹੋ ਸਕਦਾ ਮੈਂ ਕਿਸੇ ਤਰਾਂ ਦੀ ਮਦਦ ਕਰ ਦਿਆਂ।

ਏਨਾ ਸਮਾਂ ਬੀਤਣ ਬਾਅਦ ਹੀ ਕੋਈ ਨੇਹਾ ਨੂੰ ਉਸਦੇ ਅੱਥਰੂਆਂ ਦਾ ਕਾਰਨ ਪੁੱਛ ਰਿਹਾ ਸੀ। ਉਹ ਵੀ ਉਸ ਜਗ੍ਹਾ ਤੇ ਜਿੱਥੇ ਸਿਰਫ਼ ਲੋਕ ਜਿਸਮ ਖ਼ਰੀਦਣ ਲਈ ਆਉਂਦੇ ਹਨ। ਉਸ ਨੂੰ ਲੱਗਾ ਕਿ ਪਹਿਲੀ ਵਾਰ ਕੋਈ ਪੈਸੇ ਦੇ ਕੇ

ਉਸਦੇ ਦੁੱਖ ਖ਼ਰੀਦਣ ਲਈ ਆਇਆ ਹੈ। ਉਸ ਨੂੰ ਇਹ ਆਦਮੀ ਇੱਕ ਤਰ੍ਹਾਂ ਦੀ ਆਸ ਲੱਗੀ। ਨੇਹਾ ਨੇ ਆਪਣੇ ਹੰਝੂ ਪੂੰਝੇ ਤੇ ਸਮੀਰ ਦੀ ਪਰਖ ਕਰਨ ਲਈ ਸੋਚਿਆ। ਕਿਉਂਕਿ ਇਕ ਵਾਰ ਪਹਿਲਾਂ ਵੀ ਉਸ ਨਾਲ ਧੋਖਾ ਹੋ ਚੁੱਕਿਆ ਸੀ। ਤੇ ਮੁੜ ਤੋਂ ਧੋਖੇ ਨੂੰ ਸਹਾਰਣਾ ਉਸ ਦੇ ਵੱਸ ਵਿੱਚ ਨਹੀਂ ਸੀ। ਨੇਹਾ ਬੋਲੀ..

ਨੇਹਾ - ਮੁਆਫ਼ ਕਰਨਾ। ਮੈਂ ਤੁਹਾਡਾ ਵਕਤ ਖ਼ਰਾਬ ਕਰ ਦਿੱਤਾ। ਤੁਸੀਂ ਪਲੰਘ ਤੇ ਬੈਠੋ ਮੈਂ ਤਿਆਰ ਹੋ ਕੇ ਹੁਣ ਆਈ।

ਨੇਹਾ ਉੱਠ ਕੇ ਪਰੇ ਨੂੰ ਜਾਣ ਲੱਗੀ ਤਾਂ ਸਮੀਰ ਨੇ ਨੇਹਾ ਦੀ ਬਾਂਹ ਫੜ ਲਈ। ਤੇ ਕਿਹਾ..

ਸਮੀਰ - ਮੈਂ ਪੈਸੇ ਦੇ ਕੇ ਇੱਥੇ ਕਿਸੇ ਔਰਤ ਨਾਲ ਸਾਉਣ ਜਰੂਰ ਆਇਆ ਹਾਂ। ਪਰ ਮੈਂ ਐਨਾ ਵੀ ਬੇ-ਦਰਦ ਨਹੀਂ ਕਿ ਕਿਸੇ ਦੇ ਦੁੱਖ ਵੰਡਾਉਣ ਦੀ ਬਜਾਇ ਉਸ ਨੂੰ ਹੋਰ ਠੇਸ ਲਗਾਵਾਂ।

ਘਬਰਾਓ ਨਾ। ਤੁਸੀਂ ਮੈਨੂੰ ਆਪਣਾ ਦੁੱਖ ਦੱਸ ਸਕਦੇ ਹੋ। ਅਗਰ ਤੁਸੀਂ ਨਹੀਂ ਦੱਸਣਾ ਤਾਂ ਮੈਂ ਸਿਰਫ਼ ਤੁਹਾਡੇ ਨਾਲ ਜਿਸਮਾਨੀ ਤਾਲੂਕਾਤ ਬਣਾ ਕੇ ਇੱਥੋਂ ਨਹੀਂ ਜਾਵਾਗਾਂ।

ਏਨਾ ਆਖ ਸਮੀਰ ਨੇ ਨੇਹਾ ਦੀ ਬਾਂਹ ਛੱਡ ਦਿੱਤੀ ਤੇ ਕਮਰੇ ਚੋ' ਬਾਹਰ ਜਾਣ ਲੱਗਾ। ਫਿਰ ਪਿੱਛੋਂ ਨੇਹਾ ਨੇ ਆਵਾਜ਼ ਮਾਰੀ..

ਨੇਹਾ - ਰੁਕੋ। ਦੱਸਦੀ ਹਾਂ ਮੈਂ।

ਸਮੀਰ ਪਿੱਛੇ ਮੁੜਿਆ ਤਾਂ ਨੇਹਾ ਪਲੰਘ ਤੇ ਜਾ ਕੇ ਬੈਠ ਗਈ। ਪਿੱਛੇ ਹੀ ਸਮੀਰ ਵੀ ਜਾ ਬੈਠਾ।

ਨੇਹਾ - ਮੈਂ ਡਰ ਰਹੀ ਸਾ ਕਿ ਕਿਉਂ ਕੋਈ ਇੱਕ ਕੋਠੇ ਅੰਦਰ ਇੱਕ ਔਰਤ ਦੇ ਦੁੱਖ ਦਾ ਕਾਰਨ ਪੁੱਛੇਗਾ। ਇਸ ਲਈ ਮੈਂ ਆਪ ਨੂੰ ਦੱਸਣ ਤੋਂ ਝਿਜਕ ਰਹੀ ਸਾਂ। ਮੈਨੂੰ ਮੁਆਫ਼ ਕਰਨਾ।

ਸਮੀਰ - ਕੋਈ ਗੱਲ ਨੀ। ਤੁਸੀਂ ਘਬਰਾਉ ਨਾ। ਮੈਨੂੰ ਦੱਸੋ ਆਪਣੇ ਬਾਰੇ। ਮੈਂ ਜਰੂਰ ਕੋਸ਼ਿਸ਼ ਕਰਾਂਗਾ ਕਿ ਤੁਹਾਡੀ ਮਦਦ ਕਰ ਸਕਾ। ਮੈਨੂੰ ਜਿਸਮ ਦੀ ਭੁੱਖ ਨਹੀਂ ਓਹ ਤਾਂ ਮੇਰਾ ਦੋਸਤ ਮੈਨੂੰ ਜਬਰੀ ਇੱਥੇ ਲੈ ਆਇਆ। ਤੇ ਮੈਂ ਵੀ ਉਸ ਦੀਆਂ ਗੱਲਾਂ ਵਿੱਚ ਆ ਗਿਆ। ਤੁਸੀਂ ਦੱਸੋਂ ਮੈਨੂੰ ਗੱਲ ਕੀ ਹੈਂ?

ਨੇਹਾ - ਮੈਂ ਸੁਰੂ ਤੋਂ ਹੀ ਇੱਥੇ ਨਹੀਂ ਰਹੀ। ਇਹ ਗੱਲ ਕਰੀਬ ਡੇਢ ਕੁ ਸਾਲ ਪੁਰਾਣੀ ਏ।

ਨੇਹਾ ਨੇ ਆਪਣੀ ਸਾਰੀ ਹੱਡ ਬੀਤੀ ਸਮੀਰ ਨੂੰ ਸੁਣਾਈ। ਸਮੀਰ ਨੇਹਾ ਦੇ ਦੁੱਖ ਸੁਣ ਹੈਰਾਨ ਰਹਿ ਗਿਆ ਕਿ ਉਸ ਨੇ ਕਿੰਨੇ ਜ਼ੁਲਮ ਝੱਲੇ ਨੇ। ਉਸਦੀ ਹੱਡ ਬੀਤੀ ਸੁਣ ਸਮੀਰ ਵੀ ਰੋਣ ਲੱਗ ਪਿਆ। ਸਮੀਰ ਦੇ ਵੱਸ ਤੋਂ ਬਾਹਰ ਸੀ ਕਿ ਇੱਕ ਔਰਤ ਏਨਾ ਜ਼ੁਲਮ ਕਿਵੇ ਬਰਦਾਸ਼ਤ ਕਰ ਸਕਦੀ ਹੈ। ਸਮਾਂ ਕਾਫੀ ਬੀਤ ਗਿਆ। ਐਨੇ ਨੂੰ ਬਾਹਰੋਂ ਆਵਾਜ਼ ਆਈ ਤੇ ਬੂਹਾ ਖਟਕਿਆ। ਸਮੀਰ ਨੇ ਉੱਠ ਕੇ ਬੂਹਾ ਖੋਲਿਆਂ ਤਾਂ ਬਾਹਰ ਉਸਦਾ ਦੋਸਤ ਅਮਨ ਸੀ। ਸਮੀਰ ਨੂੰ ਅਮਨ ਬੋਲਿਆ..

ਅਮਨ - ਕਿਉਂ ਕੰਜ਼ਰਾ ਰਾਤ ਰਹੇਗਾਂ? ਚੱਲ ਚੱਲੀਏ।

ਸਮੀਰ - ਰੁਕ ਇੱਕ ਮਿੰਟ।

ਸਮੀਰ ਨੇਹਾ ਕੋਲ ਗਿਆ ਤੇ ਉਸ ਨੂੰ ਕਿਹਾ ਕਿ ਉਹ ਫਿਰ ਆਏਗਾ। ਤੇ ਫਿਰ ਆਪਣੇ ਦੋਸਤ ਨਾਲ ਚਲਾ ਗਿਆ।

ਨੇਹਾ ਨੂੰ ਲੱਗਾ ਕਿ ਉਹ ਬੱਸ ਉਸਦੀ ਕਹਾਣੀ ਸੁਣਨ ਹੀ ਆਇਆ ਸੀ। ਪਰ ਉਸਦੀ ਮਦਦ ਕੋਈ ਨਹੀਂ ਕਰ ਸਕਦਾ। ਉਹ ਹਰ ਪੱਖ ਵਿੱਚ ਆਸ ਤੋਂ ਟੁੱਟੀ ਹੋਈ ਸੀ। ਉਸਦੇ ਹਿਸਾਬ ਨਾਲ ਦੁਨੀਆ ਮਤਲਬੀ ਹੈ। ਉਸਨੇ ਫਿਰ ਤੋਂ ਚੁੱਪ ਸਾਧ ਲਈ ਤੇ ਉੱਠ ਕੇ ਦਰਵਾਜ਼ੇ ਨੂੰ ਅੰਦਰੋਂ ਬੰਦ ਕਰ ਲਿਆ। ਦਿਨ ਗੁਜ਼ਰਦੇ ਗਏ। ਤੇ ਉਹ ਸੋਚਦੀ ਰਹੀ..

**ਕੌਣ ਹਮਸਫ਼ਰ ਏਥੇ ਕੌਣ ਏ ਰਾਹੀ,**

**ਜ਼ਿੰਦਗੀ ਏ ਜ਼ਾਲਮ ਵਿੱਚ ਲਾਲ ਸ਼ਿਆਹੀ,**

**ਮੁਕੱਦਰਾਂ ਦੇ ਪੱਲੇ ਸਭ ਛੱਡ ਤੁਰ ਗਏ ਨੇ,**

**ਮੇਰੇ ਲੇਖਾਂ ਤੇ ਲ਼ਕੀਰਾਂ ਉਹ ਲੈ ਰੁੜ ਗਏ ਨੇ,**

**ਪਤਾ ਹੀ ਨਾ ਲੱਗਾ ਇਹ ਰੰਗ ਜਿਹੜੇ ਕਾਲੇ ਨੇ,**

**ਰੂਹ ਮੁੱਕ ਗਈ ਬਸ ਜਿਸ਼ਮ ਹੀ ਗ਼ਾਲੇ ਨੇ,**

**ਮੌਤ ਵੀ ਨਾ ਆਵੇ ਕੌਣ ਕੈਦ ਤੋਂ ਛੁਡਾਵੇਗਾ,**

**ਰੱਬੀ ਰੂਪ ਮੰਨ ਮੈਨੂੰ ਗਲ ਨਾਲ ਲਾਵੇਗਾ,**

**ਓਹੀ ਰੂਪ ਸੱਚ ਦਾ ਮੈਂ ਲੱਭਦੀ ਆਂ ਫਿਰਦੀ,**

**ਜਿਸ਼ਮ ਏ ਜਿਉਂਦਾ ਵਿੱਚੋਂ ਮਰੀ ਬੜੇ ਚਿਰ ਦੀ,**

**ਇੱਕ ਹਮਰਾਹੀ ਕੋਈ ਇਨ੍ਹਾਂ ਲ਼ੀਕਾਂ ਨੂੰ ਬਦਲਦੇ,**

**ਪਿਆਰ ਵਾਲੇ ਹੰਝੂ ਬਣ ਮੇਰੀ ਚੀਖਾਂ ਨੂੰ ਬਦਲਦੇ,**

**ਮਾਹੀ ਆਵੇ ਕੋਈ ਮੈਨੂੰ ਰੂਹ ਜਿਹੀ ਬਣਾ ਲਵੇ,**

**ਮੇਰੀ ਤਕਦੀਰ ਨਾਮ ਆਪਣੇ ਕਰਾ ਲਵੇ,**

**ਇੱਕੋ ਏ ਉਮੀਦ ਬੱਸ ਇੱਕੋ ਆਸ ਚਾਹੀ,**

**ਕੌਣ ਹਮਸਫ਼ਰ ਏਥੇ ਕੌਣ ਏ ਰਾਹੀ,**

**ਜ਼ਿੰਦਗੀ ਏ ਜ਼ਾਲਮ ਵਿੱਚ ਲਾਲ ਸ਼ਿਆਹੀ।**

**(ਦੀਪ ਗਗਨ)**

ਤਕਰੀਬਨ ਦੋ ਕੁ ਹਫ਼ਤੇ ਪਿੱਛੋਂ ਰਾਤ ਦੇ ਨੌ ਕੁ ਵਜੇ ਨੇਹਾ ਦਾ ਦਰਵਾਜ਼ਾ ਖਟਕਿਆ। ਨੇਹਾ ਨੇ ਦਰਵਾਜ਼ਾ ਖੋਲਿਆ ਤਾਂ ਸਾਹਮਣੇ ਸਮੀਰ ਸੀ। ਸਮੀਰ ਜਲਦੀ ਨਾਲ ਅੰਦਰ ਵੜਿਆ ਤੇ ਦਰਵਾਜ਼ੇ ਨੂੰ ਕੁੰਡੀ ਲਾ ਲਈ। ਨੇਹਾ ਨੇ ਹੈਰਾਨ ਹੋ ਕੇ ਪੁੱਛਿਆ..

ਨੇਹਾ - ਤੁਸੀਂ ਇਸ ਵੇਲੇ ਇੱਥੇ ਕਿਵੇਂ?

ਸਮੀਰ - ਗੱਲਾਂ ਫਿਰ ਕਰ ਲਵਾਂਗੇ। ਤੁਸੀਂ ਤਿਆਰੀ ਕਰੋ। ਜੋ ਵੀ ਸਮਾਨ ਲੋੜਦਾ ਕੱਪੜੇ-ਲੱਤੇ ਲੈ ਲਵੋ। ਮੈਂ ਤੁਹਾਨੂੰ ਲੈਣ ਆਇਆ ਹਾਂ।

ਨੇਹਾ - ਤੇ ਜਾਨਕਾ ਬਾਈ?

ਸਮੀਰ - ਉਸ ਨੂੰ ਖ਼ਬਰ ਹੋਣ ਤੋਂ ਪਹਿਲਾਂ ਆਪਾ ਕਿਤੇ ਦੀ ਕਿਤੇ ਨਿਕਲ ਜਾਵਾਂਗੇ।

ਨੇਹਾ ਨੇ ਆਪਣੇ ਕੁਝ ਕੱਪੜੇ ਲਏ ਤੇ ਉਹ ਲੁਕਦੇ ਲੁਕਾਉਂਦੇ ਸਭ ਦੀਆਂ ਅੱਖਾਂ ਵਿੱਚ ਘੱਟਾ ਪਾ ਓਥੋਂ ਨਿਕਲ ਗਏ।

ਬਾਹਰ ਨਿਕਲਦੇ ਸਾਰ ਹੀ ਉਹ ਸਟੇਸ਼ਨ ਤੇ ਪਹੁੰਚੇ ਜਿੱਥੇ ਸਮੀਰ ਦਾ ਦੋਸਤ ਅਮਨ ਉਸਦੀ ਉਡੀਕ ਕਰ ਰਿਹਾ ਸੀ। ਜਿਸ ਦੇ ਕੋਲ ਕੁਝ ਸਮਾਨ ਸੀ। ਸਮੀਰ ਨੇ ਅਮਨ ਤੋਂ ਸਮਾਨ ਲਿਆ ਤੇ ਅਗਲੀ ਹੀ ਟ੍ਰੇਨ ਫੜ ਲਈ। ਦਿਨ ਚੜਦੇ ਹੀ ਉਹ ਕਿਸੇ ਦੂਸਰੇ ਸ਼ਹਿਰ ਜਾ ਪੁੱਜੇ। ਉਨ੍ਹਾਂ ਸਨੇਸ਼ਨ ਤੇ ਉਤਰਦੇ ਹੀ ਕੁਝ ਖਾਧਾ-ਪੀਤਾ ਤੇ ਫਿਰ ਤੁਰ ਪਏ। ਇੱਕ ਹੋਟਲ ਵਿੱਚ ਗਏ ਤੇ ਨਹਾ-ਧੋ ਲਿਆ। ਫਿਰ ਆਟੋ ਵਿੱਚ ਬੈਠ ਸਮੀਰ ਦੇ ਕਿਸੇ ਰਿਸ਼ਤੇਦਾਰ ਦੇ ਘਰ ਪਹੁੰਚੇ। ਸਮੀਰ ਨੇ ਉਨ੍ਹਾਂ ਨੂੰ ਸਭ ਸੱਚ ਦੱਸਿਆ। ਜਿਸ ਕਾਰਨ ਉਨ੍ਹਾਂ ਮਦਦ ਦਾ ਹੱਥ ਵਧਾਇਆ। ਸਮੀਰ ਨੇਹਾ ਨੂੰ ਓਥੇ ਛੱਡ ਆਪ ਚਲਿਆ ਗਿਆ ਤੇ ਕਹਿ ਗਿਆ ਕਿ ਕੁਝ ਦਿਨ ਬਾਅਦ ਨੇਹਾ ਨੂੰ ਲੈ ਜਾਏਗਾ।

ਸਮੀਰ ਇਸੇ ਸ਼ਹਿਰ ਵਿੱਚ ਹੀ ਨੌਕਰੀ ਕਰਦਾ ਸੀ। ਕਰੀਬ ਸੱਤ-ਅੱਠ ਦਿਨ ਬਾਅਦ ਉਹ ਵਾਪਿਸ ਆਇਆ ਤੇ ਨੇਹਾ ਨੂੰ ਨਾਲ ਕਿਸੇ ਘਰ ਵਿੱਚ ਲੈ ਗਿਆ। ਜਿੱਥੇ ਉਨ੍ਹਾਂ ਦੋਨਾਂ ਤੋਂ ਸਿਵਾ ਹੋਰ ਕੋਈ ਨਹੀਂ ਸੀ ਰਹਿੰਦਾ। ਨੇਹਾ ਪਹਿਲੀ ਵਾਰ ਸੁੱਖ ਦਾ ਸਾਹ ਲੈ ਰਹੀ ਸੀ। ਸਮੀਰ ਨੇ ਇੱਥੇ ਰਹਿਣ ਵਾਲੇ ਬਾਕੀ ਲੋਕਾਂ ਨੂੰ ਦੱਸਿਆ ਕਿ ਉਹ ਪਤੀ ਪਤਨੀ ਹਨ। ਪਰ ਉਨ੍ਹਾਂ ਦਰਮਿਆਨ ਅਜਿਹਾ ਕੋਈ ਰਿਸ਼ਤਾ ਨਹੀਂ ਸੀ। ਬਸ ਉਹ ਦਿਖਾਵਾ ਕਰਨ ਲੱਗੇ। ਜੱਦ ਤੱਕ ਹਾਲਾਤ

ਨਾ ਸੁਧਰ ਜਾਣ। ਸਮੀਰ ਰੋਜ਼ ਦਿਨੇ ਕੰਮ ਤੇ ਜਾਂਦਾ ਤੇ ਦੇਰ ਰਾਤ ਵਾਪਿਸ ਮੁੜਦਾ। ਸਮਾਂ ਬੀਤਦਾ ਗਿਆ ਤੇ ਉਨ੍ਹਾਂ ਨੂੰ ਇਕੱਠੇ ਰਹਿੰਦਿਆ ਡੇਢ ਸਾਲ ਹੋ ਗਿਆ।

ਮਨ ਹੀ ਮਨ ਨੇਹਾ ਸਮੀਰ ਨੂੰ ਪਿਆਰ ਕਰਨ ਲੱਗ ਪਈ। ਪਰ ਉਸ ਨੇ ਕਦੇ ਵੀ ਜਾਹਿਰ ਨਾ ਹੋਣ ਦਿੱਤਾ। ਕਿਉਂਕਿ ਉਹ ਸੋਚਦੀ ਸੀ ਕਿ ਉਹ ਪਹਿਲਾਂ ਹੀ ਉਸ ਤੇ ਬੋਝ ਬਣੀ ਹੋਈ ਹੈ ਤੇ ਉਸ ਦੇ ਅਹਿਸਾਨ ਦਾ ਨਾਜ਼ਾਇਜ ਫਾਇਦਾ ਨਹੀਂ ਚੁੱਕਣਾ ਚਾਹੀਦਾ। ਇਸ ਲਈ ਉਸ ਨੇ ਹਮੇਸ਼ਾ ਹੀ ਸਮੀਰ ਤੋਂ ਲੁਕਾ ਰੱਖਿਆ। ਸ਼ਾਇਦ ਸਮੀਰ ਦੇ ਮਨ ਵਿੱਚ ਵੀ ਉਸ ਦੇ ਲਈ ਪਿਆਰ ਸੀ। ਤੇ ਉਹ ਸੋਚਦਾ ਹੋਵੇ ਕਿ ਨੇਹਾ ਇੱਕ ਗਹਿਰੇ ਦਰਦ ਵਿੱਚੋਂ ਗੁਜ਼ਰੀ ਹੈ ਤੇ ਉਸ ਨੂੰ ਨਾ ਲੱਗੇ ਕਿ ਉਹ ਨੂੰ ਸਦਭਾਵਨਾ ਦਿਖਾ ਕੇ ਆਪਣਾ ਮਤਲਬ ਕੱਢ ਰਿਹਾ ਹੈ। ਕਿਸੇ ਨਾ ਕਿਸੇ ਕਾਰਨ ਦੇ ਕਰਕੇ ਦੋਨਾਂ ਨੇ ਆਪਣੀਆਂ ਭਾਵਨਾਵਾਂ ਨੂੰ ਰੋਕ ਲਾਈ ਹੋਈ ਸੀ। ਸਮਾਂ ਗੁਜ਼ਰਦਾ ਗਿਆ।

ਇੱਕ ਰਾਤ ਉਹ ਦੋਨੋਂ ਆਪੋ-ਆਪਣੇ ਕਮਰੇ ਵਿੱਚ ਸੋਂ ਰਹੇ ਸਨ ਕਿ ਆਚਾਨਕ ਦਰਵਾਜ਼ਾ ਖਟਕਿਆ। ਸਮੀਰ ਉੱਠਿਆ ਤੇ ਦਰਵਾਜ਼ਾ ਖੋਲਣ ਗਿਆ। ਉਸ ਨੇ ਜਰਾ ਕੁ ਦਰਵਾਜ਼ਾ ਖੋਲਿਆ ਤੇ ਸਾਹਮਣੇ ਪੰਜ-ਸੱਤ ਆਦਮੀ ਹੱਥਿਆਰ ਬੰਦੀ ਖੜੇ ਸਨ। ਸਮੀਰ ਨੇ ਜਲਦੀ ਨਾਲ ਦਰਵਾਜ਼ਾ ਬੰਦ ਕਰ ਦਿੱਤਾ ਤੇ ਨੇਹਾ ਨੂੰ ਆਵਾਜ਼ ਮਾਰੀ। ਨੇਹਾ ਜਲਦੀ ਨਾਲ ਉੱਠੀ। ਇਸ ਤੋਂ ਪਹਿਲਾਂ ਕਿ ਉਹ ਆਦਮੀ ਦਰਵਾਜ਼ਾ ਤੋੜ ਕੇ ਅੰਦਰ ਆਉਂਦੇ ਉਹ ਦੋਨੋ ਘਰ ਦੇ ਦੂਸਰੇ ਦਰਵਾਜ਼ੇ ਰਾਹੀ ਭੱਜ ਨਿਕਲੇ। ਸਾਰੇ ਆਦਮੀ ਉਨ੍ਹਾਂ ਨੂੰ ਲੱਭਣ ਲੱਗ ਪਏ ਪਰ ਉਹ ਨਿਕਲ ਚੁਕੇ ਸਨ। ਉਨ੍ਹਾਂ ਆਸ-ਪਾਸ ਤਾਲਾਸ਼ ਸੁਰੂ ਕਰ ਦਿੱਤੀ। ਅਚਾਨਕ ਇੱਕ ਆਦਮੀ ਦੀ ਨਜ਼ਰ ਉਨ੍ਹਾਂ ਤੇ ਪੈ ਗਈ ਤੇ ਉਨ੍ਹਾਂ ਨੇ ਨੇਹਾ ਤੇ ਸਮੀਰ ਪਿੱਛੇ ਗੱਡੀ ਲਾ ਲਈ। ਉਹ ਦੋਨੋਂ ਅੱਗੇ-ਅੱਗੇ ਤੇ ਆਦਮੀ ਪਿੱਛੇ-ਪਿੱਛੇ। ਉਨ੍ਹਾਂ ਗੋਲੀਆਂ ਮਾਰਨੀਆਂ ਸੁਰੂ ਕਰ ਦਿੱਤੀਆਂ। ਗੋਲੀ ਸਮੀਰ ਦੇ ਜਾ ਵੱਜੀ ਤੇ ਉਹ ਡਿੱਗ ਪਿਆ। ਨੇਹਾ ਨੇ ਉਸ ਨੂੰ ਉਠਾਉਣ ਦੀ ਕੋਸ਼ਿਸ ਕੀਤੀ ਪਰ ਸਮੀਰ ਮੁੜ ਨਾ ਖੜਾ ਹੋਇਆ। ਅਖੀਰ ਸਮੀਰ ਨੇ ਨੇਹਾ ਨੂੰ ਓਥੋਂ ਜਾਣ ਲਈ ਕਿਹਾ। ਨੇਹਾ ਨਾ ਮੰਨੀ ਪਰ ਸਮੀਰ ਨੇ ਉਸ ਨੂੰ ਮਨਾ ਲਿਆ। ਨੇਹਾ ਨੂੰ ਨਾ ਚਾਹੁੰਦੇ ਹੋਏ ਵੀ ਸਮੀਰ ਨੂੰ ਓਥੇ ਛੱਡ ਕੇ ਜਾਣਾ ਪਿਆ।

**ਸੁਪਨਿਆਂ ਤੋਂ ਸੋਹਣੀ ਜ਼ਿੰਦਗੀ ਸੀ ਮੇਰੀ,**

**ਹਰ ਦੁੱਖ ਤੋਂ ਦੂਰ ਤੇ ਅਣਜਾਣ ਜਿਹੀ,**

**ਐਸਾ ਝੱਖੜ ਝੁੱਲਿਆ,**

**ਕਿ ਸਭ ਵਿਰਾਨ ਜਿਹਾ ਹੋ ਗਿਆ,**

**ਮੇਰੀਆਂ ਆਸਾਂ ਦਾ ਵਿਹੜਾ,**

**ਸੁੰਨਸਾਨ ਜਿਹਾ ਹੋ ਗਿਆ।**

ਕੁਝ ਜ਼ਾਲਮਾਂ ਨੇ ਮੈਨੂੰ,

ਜ਼ਾਰੋ-ਜ਼ਾਰ ਕਰ ਦਿੱਤਾ,

ਮੇਰੀ ਤਕਦੀਰ ਦੇ ਹਰ ਪੰਨੇ ਨੂੰ,

ਤਾਰੋ-ਤਾਰ ਕਰ ਦਿੱਤਾ,

ਉਨ੍ਹਾਂ ਜ਼ਾਲਮਾਂ ਦੀ ਹਵਸ਼ ਦਾ,

ਮਹਿਮਾਨ ਜਿਹਾ ਹੋ ਗਿਆ,

ਮੇਰੀਆਂ ਆਸਾਂ ਦਾ ਵਿਹੜਾ,

ਸੁੰਨਸਾਨ ਜਿਹਾ ਹੋ ਗਿਆ।

ਮਿਲਿਆਂ ਨਾ ਮੈਨੂੰ,

ਏਥੇ ਕੋਈ ਹਮ ਨਬੀ,

ਦੁਨੀਆਂ ਇਹ ਲੱਗੇ,

ਮੈਨੂੰ ਸਾਰੀ ਮਤਲਬੀ

ਮੇਰੀ ਇੱਜ਼ਤ ਦਾ ਮੁੱਲ,

ਏਥੇ ਭਾਨ ਜਿਹਾ ਹੋ ਗਿਆ,

ਮੇਰੀਆਂ ਆਸਾਂ ਦਾ ਵਿਹੜਾ,

ਸੁੰਨਸਾਨ ਜਿਹਾ ਹੋ ਗਿਆ।

ਇੱਕ ਅਣਜਾਣ ਫਰਿਸ਼ਤੇ ਨੇ,

ਮੇਰਾ ਸੀ ਮੁੱਲ ਪਾਇਆ,

ਜਿਹਨੂੰ ਮੈਂ ਆਪਣਾ,

ਹਰ ਦੁੱਖੜਾ ਖੋਲ੍ਹ ਸੁਣਾਇਆ,

ਓਹਨੇ ਬਾਂਹ ਫੜੀ ਤਾਂ,

ਜ਼ਿੰਦਗੀ ਦਾ ਅਹਿਸਾਨ ਹੋ ਜਿਹਾ ਗਿਆ,

ਮੇਰੀਆਂ ਆਸਾਂ ਦਾ ਵਿਹੜਾ,

ਸੁੰਨਸਾਨ ਜਿਹਾ ਹੋ ਗਿਆ।

ਉਹ ਵੀ ਖ਼ੁਸ਼ੀ ਨਾ,

ਰਹਿਣ ਦਿੱਤੀ ਜ਼ਾਲਮਾ ਨੇ,

ਜ਼ਿੰਦਗੀ ਫੇਰ ਮੇਰੀ,

ਰੋਲ੍ਹ ਦਿੱਤੀ ਜ਼ਾਲਮਾਂ ਨੇ,

ਹੋਸ਼ਲਾਂ ਤੇ ਹੁਣ,

ਟੁੱਟੀ ਹੋਈ ਕਮਾਨ ਜਿਹਾ ਹੋ ਗਿਆ,

ਮੇਰੀਆਂ ਆਸਾਂ ਦਾ ਵਿਹੜਾ,

ਸੁੰਨਸਾਨ ਜਿਹਾ ਹੋ ਗਿਆ।

ਜ਼ਿੰਦਗੀ ਮੇਰੀ ਦੁੱਖਾਂ ਦੀ,

ਕਹਾਣੀ ਜਿਹੀ ਹੋ ਗਈ,

ਕਿਸੇ ਨਹਿਰ ਦੇ ਸੁੱਕੇ ਹੋਏ,

ਪਾਣੀ ਜਿਹੀ ਹੋ ਗਈ,

**ਜਿਹਨੇ ਵੀ ਸੁਣੀ,**

**ਓਹ ਹੈਰਾਨ ਜਿਹਾ ਹੋ ਗਿਆ,**

**ਮੇਰੀਆਂ ਆਸਾਂ ਦਾ ਵਿਹੜਾ,**

**ਸੁੰਨਸਾਨ ਜਿਹਾ ਹੋ ਗਿਆ।**

**(ਸੁਮਨ ਕਸ਼ਮੀਰ)**


# ਪ੍ਰੀਤ ਸਿੰਘ ਭੈਣੀ

## 9779324826


**(ਇਸ ਕਹਾਣੀ ਦੇ ਅਗਲੇ ਜਾਂ ਪਿਛਲੇ ਭਾਗ ਪੜਣ ਲਈ ਜਾਂ ਹੋਰ ਕਹਾਣੀਆਂ ਪੜਣ ਲਈ ਤੁਸੀਂ ਮੈਨੂੰ ਵੱਟਸਐੱਪ ਜਾਂ ਫ਼ੋਨ ਕਰ ਸਕਦੇ ਹੋ। ਰੂਹੀ ਪੀੜਾ (ਭਾਗ ਪਹਿਲਾ), ਬਲਬ (ਭਾਗ ਪਹਿਲਾ ਤੇ ਦੂਜਾ) ਇਸੇ ਕਹਾਣੀ ਦੇ ਹੀ ਅੰਗ ਹਨ ਚਾਹਵਾਨ ਮੇਰੇ ਤੋਂ ਇਨ੍ਹਾਂ ਭਾਗਾ ਨੂੰ ਪੜਣ ਲਈ ਬੇ-ਝਿਜਕ ਮੰਗ ਕਰ ਸਕਦੇ ਨੇ ਜਾਂ ਕਿਸੇ ਤਰਾਂ ਦੀ ਵਾਰਤਾਲਾਪ ਕਰ ਸਕਦੇ ਨੇ)**


**To read more stories from Preet Singh Bhaini go to the link below**

**http://punjabilibrary.com/authors/preet-singh-bhaini/**